BCM SCHOOL BASANT AVENUE DUGRI LUDHIANA

CLASS III SUBJECT PUNJABI August,2023

## ਅਣਡਿੱਠਾ ਪੈਰਾ

1.ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ-

ਤਾਜ ਮਹਿਲ ਦੁਨੀਆਂ ਦੇ ਸੱਤ ਅਜੂਬਿਆਂ ਵਿੱਚੋਂ ਇੱਕ ਹੈ। ਇਹ ਆਗਰਾ ਸ਼ਹਿਰ ਵਿੱਚ ਸਥਿਤ ਹੈ। ਇਸ ਨੂੰ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਆਪਣੀ ਬੇਗ਼ਮ ਮੁਮਤਾਜ ਦੀ ਯਾਦ ਵਿੱਚ ਬਣਵਾਇਆ ਸੀ। ਇਹ ਚਿੱਟੇ ਸੰਗਮਰਮਰ ਦਾ ਬਣਿਆ ਹੋਇਆ ਹੈ। ਤਾਜ ਮਹਿਲ ਯਮਨਾ ਨਦੀ ਦੇ ਕਿਨਾਰੇ ਤੇ ਸਥਿਤ ਹੈ। ਦੁਨੀਆਂ ਭਰ ਤੋਂ ਲੋਕ ਇਸ ਨੂੰ ਵੇਖਣ ਲਈ ਆਉਂਦੇ ਹਨ।

ਪ੍ਰਸ਼ਨ 1-ਦੁਨੀਆਂ ਭਰ ਤੋਂ ਲੋਕ ਤਾਜ ਮਹਿਲ ਨੂੰ ਦੇਖਣ ਲਈ ਕਿਉਂ ਆਉਂਦੇ ਹਨ?

ਉੱਤਰ- ਦੁਨੀਆਂ ਭਰ ਤੋਂ ਲੋਕ ਤਾਜ ਮਹਿਲ ਨੂੰ ਦੇਖਣ ਲਈ ਇਸ ਲਈ ਆਉਂਦੇ ਹਨ ਕਿਉਂਕਿ ਇਹ ਸੱਤ ਅਜੂਬਿਆਂ ਵਿੱਚੋਂ ਇੱਕ ਹੈ।

ਪ੍ਰਸ਼ਨ 2-ਤਾਜ ਮਹਿਲ ਕਿਹੜੇ ਰੰਗ ਦੇ ਸੰਗਮਰਮਰ ਦਾ ਬਣਿਆ ਹੋਇਆ ਹੈ

ਉੱਤਰ -ਤਾਜ ਮਹਿਲ ਚਿੱਟੇ ਰੰਗ ਦੇ ਸੰਗਮਰਮਰ ਦਾ ਬਣਿਆ ਹੋਇਆ ਹੈ।

ਪ੍ਰਸ਼ਨ 3-ਖਾਲੀ ਥਾਂ ਭਰੋ:

ਤਾਜ ਮਹਿਲ_ਆਗਰਾ__ਸ਼ਹਿਰ ਵਿੱਚ ਸਥਿਤ ਹੈ।

ਪ੍ਰਸ਼ਨ 4-ਲਿੰਗ ਬਦਲੋ:

ਬਾਦਸ਼ਾਹ-ਬੇਗ਼ਮ

ਪ੍ਰਸ਼ਨ 5-ਵਾਕ ਬਣਾਓ:

ਨਦੀ - ਗੰਗਾ ਨੂੰ ਪਵਿੱਤਰ ਨਦੀ ਮੰਨਿਆ ਜਾਂਦਾ ਹੈ।

**2.ਹੇਠ ਦਿੱਤੇ ਸ਼ਬਦਾਂ ਦੇ ਅਰਥ ਲਿਖੋ**

1.ਨਿੱਕੀਆਂ-ਛੋਟੀਆਂ 3. ਲਾਪਰਵਾਹੀ-ਅਣਗਹਿਲੀ

2.ਮਨ-ਭਾਉਂਦੀ-ਪਸੰਦੀਦਾ 4.ਹੋਸ਼ ਉੱਡਣੇ-ਘਬਰਾ ਜਾਣਾ

**3.ਸਹੀ ਵਿਕਲਪ ਚੁਣੋ:**

ਹਰਨੂਰ ਨੂੰ ਪਾਣੀ ਦਾ ਮਹੱਤਵ ਸਮਝਾਉਣ ਲਈ ਕਿਸ ਨੇ ਯੋਜਨਾ ਬਣਾਈ?

ਮਾਤਾ ਜੀ ਨੇ✓ ਪਿਤਾ ਜੀ ਨੇ ਦਾਦਾ ਜੀ ਨੇ

**4.ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਦਿਓ।**

ਪ੍ਰਸ਼ਨ 1.ਸਾਨੂੰ ਆਪਣੇ ਆਲੇ-ਦੁਆਲੇ ਨੂੰ ਕਿਵੇਂ ਰੱਖਣਾ ਚਾਹੀਦਾ ਹੈ?

ਉੱਤਰ: ਸਾਫ਼-ਸੁਥਰਾ

ਪ੍ਰਸ਼ਨ 2. ਕੀ ਅਸੀਂ ਪਾਣੀ ਦੇ ਬਿਨਾਂ ਜੀਵਤ ਰਹਿ ਸਕਦੇ ਹਾਂ?

ਉੱਤਰ: ਨਹੀਂ

**5.ਮਿਲਾਨ ਕਰੋ:**

| | |
|---|---|
| 1.ਪਾਣੀ | ਢਿੱਡ 4 |
| 2. ਭਾਜੀ | ਜਲ 1 |
| 3. ਬਰਸਾਤ | ਸਬਜ਼ੀ 2 |
| 4. ਪੇਟ | ਵਰਖਾ 3 |